ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ, ਐਸ.ਏ.ਐਸ. ਨਗਰ।
ਬਲਾਕ-ਈ, 6ਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਫੇਸ-8, ਐਸ.ਏ.ਐਸ. ਨਗਰ
(ਪ੍ਰੀਖਿਆ ਸ਼ਾਖਾ)

## ਪਬਲਿਕ ਨੋਟਿਸ

ਮਿਤੀ:- E-985800/11-11-2025

ਡੀ.ਐਲ.ਐਡ. ਸੈਸ਼ਨ 2025-27 ਦੀ ਦੂਜੀ ਕਾਊਂਸਲਿੰਗ ਜੋ ਕਿ ਮਿਤੀ 06.11.2025 ਤੋਂ 10.11.2025 ਤੱਕ ਆਨ ਲਾਈਨ ਪੋਰਟਲ ਰਾਹੀਂ ਕੀਤੀ ਗਈ ਹੈ। ਦੂਜੀ ਕਾਊਂਸਲਿੰਗ ਦੌਰਾਨ ਉਮੀਦਵਾਰਾਂ ਨੂੰ ਸਟੇਸ਼ਨ ਅਲਾਟ ਕਰ ਦਿੱਤੇ ਗਏ ਹਨ, ਪਰੰਤੂ ਕੁਝ ਉਮੀਦਵਾਰਾਂ ਵੱਲੋਂ ਆਪਣੇ ਅਲਾਟ ਹੋਏ ਸਟੇਸ਼ਨ ਤੇ ਅਜੇ ਤੱਕ ਹਾਜਰੀ ਨਹੀਂ ਦਿੱਤੀ ਗਈ। ਅਜਿਹੇ ਉਮੀਦਵਾਰਾਂ ਨੂੰ ਇੱਕ ਮੌਕਾ ਦਿੰਦੇ ਹੋਏ ਮਿਤੀ 12.11.2025 ਸ਼ਾਮ 5:00 ਵਜੇ ਤੱਕ ਹਾਜਰ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਜੇਕਰ 12.11.2025 ਸ਼ਾਮ 5:00 ਵਜੇ ਤੱਕ ਉਮੀਦਵਾਰ ਆਪਣੇ ਅਲਾਟ ਹੋਏ ਸਟੇਸ਼ਨ ਤੇ ਹਾਜਰੀ ਨਹੀਂ ਦਿੰਦਾ ਤਾਂ ਉਸ ਦੀ ਸੀਟ ਰੱਦ ਸਮਝੀ ਜਾਵੇਗੀ ਕਿਉਂ ਕਿ ਉਸ ਤੋਂ ਬਾਅਦ ਪੋਰਟਲ ਬੰਦ ਹੋ ਜਾਵੇਗਾ ਅਤੇ ਦੂਜੇ ਉਮੀਦਵਾਰ ਨੂੰ ਸੀਟ ਅਲਾਟ ਕਰ ਦਿੱਤੀ ਜਾਵੇਗੀ।

ਇਸਦੇ ਨਾਲ ਹੀ ਸਮੂਹ ਜ਼ਿਲ੍ਹਾ ਸਿੱਖਿਆ ਅਤੇ ਸਿੱਖਲਾਈ ਸੰਸਥਾ ਅਤੇ ਸੈਲਫ ਫਾਇਨਾਂਸਡ ਕਾਲਜਾਂ ਨੂੰ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਮਿਤੀ 12.11.2025 ਸ਼ਾਮ 5:00 ਵਜੇ ਤੱਕ ਅਲਾਟ ਹੋਇ ਵੱਖ-ਵੱਖ ਉਮੀਦਵਾਰਾਂ ਦੇ ਜੁਆਇਨਿੰਗ ਸਟੇਟਸ ਆਪਣੇ ਪੋਰਟਲ ਤੇ ਅਪਡੇਟ ਕੀਤਾ ਜਾਵੇ।ਪੋਰਟਲ ਤੇ ਉਮੀਦਵਾਰ ਦੀ ਜੁਆਇਨਿੰਗ ਨੂੰ ਸਮੇਂ ਸਿਰ ਅਪਡੇਟ ਕਰਨ/ਕਰਵਾਉਣ ਦੀ ਨਿਰੋਲ ਜਿੰਮੇਵਾਰੀ ਪ੍ਰਿੰਸੀਪਲ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਦੀ ਹੋਵੇਗੀ।

ਸਹਾਇਕ ਡਾਇਰੈਕਟਰ (ਐਫੀਲਿਏਸ਼ਨ)